# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ(ਸੈਕੰਡਰੀ), ਪੰਜਾਬ

ਮੀਮੋ ਨੰ. Transfer Cell/2025/979026/2242 ਮਿਤੀ: 13.10.2025

## ਜਨਤਕ ਸੂਚਨਾਂ

1.0 ਸਿੱਖਿਆ ਵਿਭਾਗ ਵਲੋਂ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ Teacher Transfer Policy 2019 ਜਾਰੀ ਕੀਤੀ ਗਈ ਹੈ ਅਤੇ ਉਸ ਉਪਰੰਤ ਪਾਲਿਸੀ ਵਿੱਚ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ: 5/3-ICT-2019/Trans/303800 ਮਿਤੀ 13.09.2019 ਅਤੇ ਨਾਨ ਟੀਚਿੰਗ ਸਟਾਫ ਲਈ ਤਬਦਾਲਾ ਨੀਤੀ ਮੀਮੋ ਨੰ: 2/14/2020-2edu3/2020487/1 ਮਿਤੀ 27.05.2020 ਜਾਰੀ ਕੀਤੀ ਗਈ ਹੈ।

2.0 ਸਾਲ 2025 ਦੌਰਾਨ ਇਸ ਪਾਲਿਸੀ ਅਨੁਸਾਰ ਵਿਭਾਗ ਵਲੋਂ ਅਧਿਆਪਕ/ਕਰਮਚਾਰੀ/ਕੰਪਿਊਟਰ ਫੈਕਲਟੀ ਦੀਆਂ ਆਨਲਾਈਨ ਪ੍ਰਾਪਤ ਪ੍ਰਤੀ ਬੇਨਤੀਆਂ ਦੇ ਅਧਾਰ ਤੇ ਵੱਖ-ਵੱਖ ਗੇੜਾਂ ਦੌਰਾਨ ਆਨਲਾਈਨ ਬਦਲੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ।

3.0 ਵਿਭਾਗ ਨੂੰ ਕੁਝ ਅਧਿਆਪਕ/ਕਰਮਚਾਰੀ/ਕੰਪਿਊਟਰ ਫੈਕਲਟੀ ਵਲੋਂ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ ਜਿਸ ਵਿੱਚ ਉਹਨਾਂ ਵਲੋਂ ਵੱਖ-ਵੱਖ ਕਾਰਨ ਦਰਸਾਉਂਦੇ ਹੋਏ ਆਨਲਾਈਨ ਵਿਧੀ ਰਾਹੀਂ ਹੋਈ ਬਦਲੀ ਰੱਦ ਕਰਵਾਉਣ ਦੀ ਮੰਗ ਕੀਤੀ ਗਈ ਹੈ।

4.0 ਅਧਿਆਪਕ/ਕਰਮਚਾਰੀ/ਕੰਪਿਊਟਰ ਫੈਕਲਟੀ ਵਲੋਂ ਪ੍ਰਾਪਤ ਪ੍ਰਤੀਬੇਨਤੀਆਂ ਦੇ ਅਧਾਰ ਤੇ ਉਹਨਾਂ ਨੂੰ ਬਦਲੀ ਰੱਦ ਕਰਵਾਉਣ ਸਬੰਧੀ ਇੱਕ ਮੌਕਾ ਦਿੱਤਾ ਜਾਂਦਾ ਹੈ। ਜੋ ਅਧਿਆਪਕ/ਕਰਮਚਾਰੀ/ਕੰਪਿਊਟਰ ਫੈਕਲਟੀ ਬਦਲੀ ਰੱਦ ਕਰਵਾਉਣਾ ਚਾਹੁੰਦੇ ਹਨ ਅਤੇ ਉਹਨਾਂ ਦੇ ਪਿਛਲੇ ਸਕੂਲ ਭਾਵ ਜਿਥੋਂ ਬਦਲੀ ਹੋਈ ਹੈ, ਵਿਖੇ ਉਹਨਾਂ ਦੇ ਵਿਸੇ ਦੀ ਅਸਾਮੀ ਖਾਲੀ ਹੈ ਤਾਂ ਉਹ ਈ-ਪੰਜਾਬ ਸਕੂਲ ਪੋਰਟਲ ਤੇ ਲਾਗ ਇੰਨ ਕਰਕੇ Transfer Cancellation Link ਤੇ Click ਕਰਕੇ ਬਦਲੀ ਰੱਦ ਕਰਵਾਉਣ ਲਈ ਮਿਤੀ 13.10.2025 ਤੋਂ 15.10.2025 ਤੱਕ ਆਨਲਾਈਨ ਬੇਨਤੀ ਦੇ ਸਕਦੇ ਹਨ। ਇੱਥੇ ਇਹ ਸਪਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਅਧਿਆਪਕ/ਕਰਮਚਾਰੀ/ਕੰਪਿਊਟਰ ਫੈਕਲਟੀ ਨੇ ਬਦਲੀ ਰੱਦ ਕਰਵਾਉਣ ਲਈ ਦਰਖਾਸਤ ਮੁੱਖ ਦਫਤਰ ਵਿਖੇ ਦਿੱਤੀ ਹੋਈ ਹੈ ਤਾਂ ਉਸ ਦਰਖਾਸਤ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਣੀ ਅਤੇ ਉਹ ਆਨਲਾਈਨ ਵਿਧੀ ਰਾਹੀਂ ਆਪਣੀ ਬਦਲੀ-ਰੱਦ ਕਰਵਾ ਸਕਦੇ ਹਨ। ਮਿਤੀ 15.10.2025 ਤੋਂ ਬਾਅਦ ਬਦਲੀ ਰੱਦ ਕਰਵਾਉਣ ਸਬੰਧੀ ਕਿਸੇ ਵੀ ਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

13.10.25

ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)